Tender Heart High School, Class-V (Punjabi)

Assignment-3 Gurpreet Kaur

Topic- ਪਾਠ- 1 "ਬਾਗ਼ ਦੀ ਸੈਰ"

ਪਿਆਰੇ ਵਿਦਿਆਰਥੀਓ,

ਸਾਰਿਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ। ਮੈਂ ਗੁਰਪ੍ਰੀਤ ਕੌਰ, ਅੱਜ ਤੁਹਾਨੂੰ ਪੰਜਵੀਂ ਜਮਾਤ ਦੇ ਵਿਸ਼ੇ ਨਾਲ ਸੰਬੰਧਿਤ ਪਾਠ- 1 "ਬਾਗ਼ ਦੀ ਸੈਰ" ਬਾਰੇ ਜਾਣਕਾਰੀ ਦੇਣ ਜਾ ਰਹੀ ਹਾਂ। ਇਸ ਲਈ ਸਾਰੇ ਵਿਦਿਆਰਥੀ ਆਪਣੀ ਸਾਹਿਤ ਦੀ ਕਿਤਾਬ "ਕਿਰਨੀ ਪੰਜਾਬੀ ਪਾਠਮਾਲਾ" ਦਾ ਪੰਨਾ ਨੰਬਰ- 5 ਖੋਲ੍ਹਕੇ ਤਿਆਰ ਹੋਕੇ ਬੈਠੋ। ਅੱਜ ਅਸੀਂ ਪਾਠ-1 "ਬਾਗ਼ ਦੀ ਸੈਰ" ਪੜ੍ਹਾਂਗੇ, ਜੋ ਕਿ ਇਕ ਕਵਿਤਾ ਹੈ। ਕਿਉਂਕਿ ਅਸੀਂ ਵਰਨਮਾਲਾ ਅਤੇ ਲਗਾਂ ਦੀ ਕਾਫ਼ੀ ਦੁਹਰਾਈ ਕਰ ਚੁੱਕੇ ਹਾਂ, ਤਾਂ ਆਓ ਛੋਟੇ- ਛੋਟੇ ਸ਼ਬਦ ਜੋੜਕੇ ਕਵਿਤਾ ਨੂੰ ਪੜ੍ਹੀਏ ਅਤੇ ਸਮਝੀਏ।

## ਬਾ.ਗ ਦੀ ਸੈਰ

1.

**ਆਉ ਬਾ.ਗ ਦੀ ਕਰੀਏ ਸੈਰ**
**ਇੱਕ ਦੂਜੇ ਦੀ ਮੰਗਦੇ ਖ਼ੈਰ।**
**ਫੁੱਲਾਂ ਦੀ ਹੈ ਆਈ ਬਹਾਰ**
**ਰੰਗ ਬਰੰਗੇ ਖਿੜੇ ਹਜ਼ਾਰ।**

ਕਵਿਤਾ "ਬਾਗ਼ ਦੀ ਸੈਰ" ਵਿੱਚ ਕਵੀ ਨੇ ਸਾਨੂੰ ਬਾਗ਼ ਵਿੱਚ ਸੈਰ ਕਰਨ ਦੇ ਲਾਭ ਦੱਸੇ ਹਨ। ਆਓ ਪੜ੍ਹੀਏ। ਕਵੀ ਕਹਿੰਦਾ ਹੈ ਕਿ ਆਓ ਅਸੀਂ ਸਾਰੇ ਬਾਗ਼ ਦੀ ਸੈਰ ਕਰੀਏ ਤਾਂ ਕਿ ਸੈਰ ਕਰਨ ਨਾਲ ਸਾਰੇ ਤੰਦਰੁਸਤ ਰਹਿਣ। ਬਾਗ਼ ਵਿੱਚ ਫੁੱਲਾਂ ਦੀ ਬਹਾਰ, ਭਾਵ ਬਹੁਤ ਫੁੱਲ ਖਿੜੇ ਹਨ, ਜੋ ਕਿ ਵੱਖ- ਵੱਖ ਰੰਗਾਂ ਦੇ ਹਨ ਅਤੇ ਮਨ ਨੂੰ ਖੁਸ਼ ਕਰ ਦਿੰਦੇ ਹਨ। ਇਸ ਲਈ ਆਓ ਅਸੀਂ ਸਾਰੇ ਬਾਗ਼ ਵਿੱਚ ਸੈਰ ਕਰੀਏ।

2. ਤਾਜ਼ੇ-ਤਾਜ਼ੇ ਲਟਕਣ ਫਲ਼,
ਕੁਦਰਤ ਰਾਣੀ ਦਿੱਤੇ ਘੱਲ।
ਠੰਢੀਆਂ-ਠੰਢੀਆਂ ਚੱਲਣ ਹਵਾਵਾਂ,
ਆਕਸੀਜਨ ਦੇ ਗੱਫ਼ੇ ਲਾਵਾਂ।

ਬਾਗ਼ ਵਿੱਚ ਕਈ ਤਰ੍ਹਾਂ ਦੇ ਤਾਜ਼ੇ- ਤਾਜ਼ੇ ਫਲ਼ ਲੱਗੇ ਹੋਏ ਹਨ ਅਤੇ ਫਲ਼ ਕੁਦਰਤ ਗਈ ਤੋਂ ਵਿ ਰੱਬ ਨੇ ਸੈਰ ਕਰਦੇ ਵਿਅਕਤੀਆਂ ਲਈ ਭੇਜੇ ਹਨ। ਇਸ ਤੋਂ ਇਲਾਵਾ ਬਾਗ਼ ਵਿੱਚ ਠੰਢੀਆਂ- ਠੰਢੀਆਂ ਹਵਾਵਾਂ ਚੱਲਦੀਆਂ ਹਨ ਜਿਸ ਨਾਲ ਬਹੁਤ ਜ਼ਿਆਦਾ ਮਾਤਰਾ ਵਿੱਚ ਆਕਸੀਜਨ ਮਿਲਦੀ ਹੈ, ਇਸ ਲਈ ਬਾਗ਼ ਵਿੱਚ ਸੈਰ ਕਰਨ ਲਈ ਜ਼ਰੂਰ ਜਾਓ।

3. ਸੁਹਣੇ-ਸੁਹਣੇ ਪੰਛੀ ਪਿਆਰੇ,
ਛੋਟੇ-ਛੋਟੇ ਬੜੇ ਨਿਆਰੇ।
ਅਵਾਜ਼ਾਂ ਕਈ ਸੁਣਾਉਂਦੇ ਨੇ,
ਸਭ ਦਾ ਮਨ ਬਹਿਲਾਉਂਦੇ ਨੇ।

ਬਾਗ਼ ਵਿੱਚ ਸੈਰ ਕਰਦੇ ਸਮੇਂ ਸਾਨੂੰ ਕਈ ਤਰ੍ਹਾਂ ਦੇ ਸੁਹਣੇ - ਸੁਹਣੇ, ਛੋਟੇ- ਛੋਟੇ ਕਈ ਤਰ੍ਹਾਂ ਦੇ ਪਿਆਰੇ- ਪਿਆਰੇ ਪੰਛੀ ਵੀ ਦਿਖਦੇ ਹਨ। ਇਹ ਪੰਛੀ ਕਈ ਤਰ੍ਹਾਂ ਦੀਆਂ ਅਵਾਜ਼ਾਂ ਸੁਣਾ ਕੇ ਸੈਰ ਕਰਨ ਵਾਲਿਆਂ ਦਾ ਮਨ ਖੁਸ਼ ਕਰ ਦਿੰਦੇ ਹਨ।

ਵਿਦਿਆਰਥੀਓ, ਕਿਉਂਕਿ ਅਸੀਂ ਕਵਿਤਾ ਦੇ ਪਹਿਲੇ ਤਿੰਨ ਪੌੜੇ ਪੜ੍ਹ ਚੁੱਕੇ ਹਾਂ, ਆਓ ਹੁਣ ਇਸ ਦੀ ਦੁਹਰਾਈ ਕਰਨ ਲਈ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਦੀਆਂ ਕਾਪੀਆਂ ਵਿੱਚ ਲਿਖੋ। ਇਸ ਵਿਆਖਿਆ ਨੂੰ ਧਿਆਨ ਨਾਲ ਪੜ੍ਹਨ ਤੇ ਸੁਣਨ ਤੋਂ ਬਾਅਦ ਹੀ ਪ੍ਰਸ਼ਨਾਂ ਦੇ ਉੱਤਰ ਲਿਖਣੇ ਹਨ। ਹੁਣ ਇਸ ਪਾਠ ਨੂੰ ਤਿੰਨ ਮਿੰਟ ਰੁੱਕ ਅਤੇ ਪ੍ਰਸ਼ਨ ਪੜ੍ਹੋ।

Tender Heart High School, Class-V (Punjabi)

Ch-1 Gurpreet Kaur

ਪ੍ਰਸ਼ਨ-1. ਬਾਗ਼ ਵਿੱਚ ਕਿਸ ਦੀ ਬਹਾਰ ਆਈ ਹੈ?

ਪ੍ਰਸ਼ਨ-2. ਕੁਦਰਤ ਨੇ ਸਾਡੇ ਲਈ ਕੀ ਭੇਜਿਆ ਹੈ?

ਪ੍ਰਸ਼ਨ-3. ਬਾਗ਼ ਵਿੱਚ ਕਿਹੜੀ ਗੈਸ ਬਹੁਤ ਹੁੰਦੀ ਹੈ?

ਪ੍ਰਸ਼ਨ-4. ਕੌਣ ਅਵਾਜ਼ਾਂ ਸੁਣਾਕੇ ਮਨ ਬਹਿਲਾਉਂਦੇ ਹਨ?

ਉਮੀਦ ਹੈ ਕਿ ਸਾਰੇ ਵਿਦਿਆਰਥੀਆਂ ਨੇ ਦਿੱਤੇ ਗਏ ਸਮੇਂ ਵਿੱਚ ਪ੍ਰਸ਼ਨਾਂ ਦੇ ਉੱਤਰ ਜ਼ਰੂਰ ਲਿਖ ਲਏ ਹੋਣਗੇ, ਆਓ ਇਹਨਾਂ ਦੇ ਉੱਤਰਾਂ ਦੀ ਚਰਚਾ ਕਰਾਂਗੇ।

ਉੱਤਰ-1. ਫੁੱਲਾਂ ਦੀ।

ਉੱਤਰ-2. ਤਾਜ਼ੇ ਫਲ਼।

ਉੱਤਰ-3. ਆਕਸੀਜਨ।

ਉੱਤਰ-4. ਪੰਛੀ।

ਆਓ, ਹੁਣ ਅੱਗੇ ਪੜ੍ਹਨਾ ਸ਼ੁਰੂ ਕਰੀਏ।

4. ਕੋਇਲ ਕੂਹ-ਕੂਹ ਬੋਲੇ,
ਬੋਲ-ਬੋਲ ਵਿੱਚ ਮਿਸ਼ਰੀ ਘੋਲੇ।
ਪੀਹੂ-ਪੀਹੂ ਬੋਲੇ ਮੋਰ,
ਤੁਰਦਾ ਹੈ ਮਸਤਾਨੀ ਤੋਰ।



ਬਾਗ਼ ਵਿੱਚ ਕੋਇਲ ਕੂਹ-ਕੂਹ ਕਰਕੇ ਮਿਸ਼ਰੀ ਵਰਗੇ ਮਿੱਠੇ ਬੋਲ ਬੋਲਦੀ ਹੈ। ਇਸ ਤੋਂ ਇਲਾਵਾ ਮੋਰ ਪੀਹੂ-ਪੀਹੂ ਕਰਕੇ ਬੋਲਦਾ ਹੈ ਅਤੇ ਮਸਤੀ ਵਾਲੀ ਚਾਲ ਚੱਲਦਾ ਹੈ।

Tender Heart High School, Class - V (Punjabi)

Ch-1 Gurpreet Kaur

5. ਪੈਲਾਂ ਪਾਵੇ ਖੰਭ ਫੈਲਾਵੇ,
ਨੀਲੇ-ਹਰੇ ਕਈ ਰੰਗ ਵਿਖਾਵੇ।
ਜਿਹੜੇ ਸਵੇਰ ਦੀ ਸੈਰ ਨੇ ਕਰਦੇ,
ਸਿਹਤ ਆਪਣੀ ਦਾ ਦਮ ਭਰਦੇ।

ਮੋਰ, ਜਦੋਂ ਬਾਗ਼ ਵਿੱਚ ਨੱਚਦਾ ਹੋਇਆ ਆਪਣੇ ਖੰਭ ਖਿਲਾਰਦਾ ਹੈ ਤਾਂ ਕਈ ਤਰ੍ਹਾਂ ਦੇ ਹਰੇ ਅਤੇ ਨੀਲੇ ਰੰਗ ਦਿਖਾਉਂਦਾ ਹੈ। ਇਸ ਲਈ ਜਿਹੜੇ ਲੋਕ ਸਵੇਰ ਦੀ ਸੈਰ ਕਰਦੇ ਹਨ, ਉਹ ਆਪਣੀ ਸਿਹਤ ਦਾ ਬਹੁਤ ਖ਼ਿਆਲ ਰੱਖਦੇ ਹਨ। ਇਸ ਲਈ ਸੈਰ ਕਰਨਾ ਬਹੁਤ ਜ਼ਰੂਰੀ ਹੈ।

ਆਓ, ਹੁਣ ਇੱਕ ਵਾਰ ਇਸ ਪਾਠ ਨੂੰ ਦੇਖਕੇ, ਕਵਿਤਾ ਦੀ ਦੁਹਰਾਈ ਕਰੀਏ ਅਤੇ ਪ੍ਰਸ਼ਨਾਂ ਦੇ ਉੱਤਰ ਲਿਖੀਏ।

1. ਪ੍ਰਸ਼ਨ – ਕੂਹ-ਕੂਹ ਕੌਣ ਕਰਦਾ ਹੈ?

2. ਪ੍ਰਸ਼ਨ – ਪੈਲਾਂ ਕੌਣ ਪਾਉਂਦਾ ਹੈ?

3. ਪ੍ਰਸ਼ਨ – ਮਸਤਾਨੀ ਤੋਰ ਕੌਣ ਤੁਰਦਾ ਹੈ?

ਆਓ, ਉੱਤਰ ਦੀ ਚਰਚਾ ਕਰੀਏ।

1) ਕੋਇਲ 2) ਮੋਰ 3) ਮੋਰ

ਇਸ ਕਵਿਤਾ ਨੂੰ ਧਿਆਨ ਨਾਲ ਪੜ੍ਹੋ ਅਤੇ ਸਮਝੋ।

ਧੰਨਵਾਦ।

Last page-4